ਦਫਤਰ ਡਿਪਟੀ ਕਮਿਸ਼ਨਰ ਜਲੰਧਰ
Office of the Deputy Commissioner
Jalandhar (Punjab)

No. ..........................

Date ........................

Phone :0181-2224783(O)
:0181-2459664(R)
Fax: :0181-2224727
Email: dc.jal@punjabmail.gov.in

ਸੇਵਾ ਵਿਖੇ

ਪ੍ਰਿੰਸੀਪਲ ਸਕੱਤਰ,
ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।

ਨੰਬਰ 12914 /MA ਮਿਤੀ 09.11.2021

ਵਿਸ਼ਾ: **ਪੋਸਟ ਮੈਟ੍ਰਿਕ ਐਸ.ਸੀ. ਸਕਾਲਰਸ਼ਿਪ ਨਾਲ ਸਬੰਧਤ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਿਲ੍ਹਾ ਜਲੰਧਰ ਵਿੱਚ ਬਹੁਤ ਸਾਰੀਆਂ ਐਸ.ਸੀ. ਸਟੂਡੈਂਟ ਯੂਨੀਅਨ ਨੇ ਨਿਮਨਹਸਤਾਖਰ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਜਿਲ੍ਹਾ ਜਲੰਧਰ ਵਿੱਚ ਜਿਆਦਾਤਰ ਕਾਲਜਾਂ ਵੱਲੋਂ ਵਿਦਿਆਰੀਆਂ ਪਾਸੋਂ ਯੂਨੀਵਰਸਿਟੀ ਫੀਸ ਦੀ ਮੰਗ ਕੀਤੀ ਜਾ ਰਹੀ ਹੈ ਜਦਕਿ ਸਰਕਾਰ ਵੱਲੋਂ ਜਾਰੀ ਫਰੀਸ਼ਿਪ ਕਾਰਡ ਮੁਤਾਬਕ ਇਹ ਫੀਸ ਸਰਕਾਰ ਵੱਲੋਂ ਅਦਾ ਕੀਤੀ ਜਾਣੀ ਹੈ। ਉਹਨਾਂ ਨੇ ਇਹ ਵੀ ਧਿਆਨ ਵਿੱਚ ਲਿਆਂਦਾ ਹੈ ਕਿ ***ਯੂਨੀਵਰਸਿਟੀ ਵਿੱਚ ਦਾਖਲਾ ਭੇਜਣ ਦੀ ਆਖਿਰੀ ਮਿਤੀ 15.11.2021 ਹੈ*** ਅਤੇ ਕਾਲਜਾਂ ਵੱਲੋਂ ਉਹਨਾਂ ਤੇ ਜੋਰ ਪਾਇਆ ਜਾ ਰਿਹਾ ਹੈ ਕਿ ਉਕਤ ਮਿਤੀ ਤੋਂ ਪਹਿਲਾਂ ਪਹਿਲਾਂ ਯੂਨੀਵਰਸਿਟੀ ਫੀਸ ਜਮ੍ਹਾਂ ਕਰਵਾਈ ਜਾਵੇ ਨਹੀਂ ਤਾਂ ਉਹਨਾਂ ਦਾ ਦਾਖਲਾ ਸਬੰਧਤ ਯੂਨੀਵਰਸਿਟੀ ਪਾਸ ਨਹੀਂ ਭੇਜਿਆ ਜਾਵੇਗਾ। ਇੱਥੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮੁੱਦੇ ਤੇ ਸਟੂਡੈਂਟ ਯੂਨੀਅਨ ਵੱਲੋਂ ਸਰਕਾਰ ਅਤੇ ਸਬੰਧਤ ਕਾਲਜ਼ਾਂ ਦੇ ਖਿਲਾਫ ਜਿਲ੍ਹਾ ਪ੍ਰਸ਼ਾਸਨ ਦੇ ਦਫਤਰ ਵਿੱਚ ਬਾਰ-ਬਾਰ ਪ੍ਰਦਰਸ਼ਨ ਕੀਤੇ ਜਾ ਰਹੇ ਹਨ , ਜਿਸ ਕਾਰਨ ਲਾਅ ਐਂਡ ਆਰਡਰ ਦੀ ਗੰਭੀਰ ਸਥਿਤੀ ਬਣੀ ਰਹਿੰਦੀ ਹੈ। ਇਸ ਲਈ ਉਪਰੋਕਤ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਅਤੇ ਆਪ ਜੀ ਨਾਲ ਹੋਈ ਟੈਲੀਫੋਨਿਕ ਵਾਰਤਾ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਕਾਲਜਾਂ/ਯੂਨੀਵਰਸਿਟੀਆਂ ਨੂੰ ਸਪੱਸ਼ਟ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਕਿਰਪਾਲਤਾ ਕੀਤੀ ਜਾਵੇ ਕਿ ਕੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਕਾਲਜਾਂ ਵੱਲੋਂ ਵਿਦਿਆਰਥੀਆਂ ਪਾਸੋਂ ਕੋਈ ਫੀਸ ਵਸੂਲੀ ਜਾਣੀ ਬਣਦੀ ਹੈ ਜਾਂ ਨਹੀਂ ਤਾਂ ਜੋ ਵਿਦਿਆਰਥੀ ਆਪਣੀ ਪੜ੍ਹਾਈ ਨਿਰਵਿਘਨ ਮੁਕੰਮਲ ਕਰ ਸਕਣ।

ਡਿਪਟੀ ਕਮਿਸ਼ਨਰ,
ਜਲੰਧਰ ।

ਪਿੱਠ ਅੰਕਣ ਨੰ: 12915-16/MA ਮਿਤੀ: 09.11.2021

ਇਸ ਦਾ ਇੱਕ ਉਤਾਰਾ:-

1. ਪ੍ਰਿੰਸੀਪਲ ਸਕੱਤਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ, ਚੰਡੀਗੜ੍ਹ
2. ਸਕੱਤਰ, ਉਚੇਰੀ ਸਿੱਖਿਆ ਅਤੇ ਭਾਸ਼ਾਵਾਂ, ਪੰਜਾਬ, ਚੰਡੀਗੜ੍ਹ

ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ,
ਜਲੰਧਰ।